# ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਵਿਚ ਪੇਸ਼ ਜਾਤੀ ਹੀਣਤਾ ਦੇ ਵਿਭਿੰਨ ਸਰੋਕਾਰ

*ਗੁਰਦਰਸ਼ਨ ਸਿੰਘ

ਗੁਰਮੀਤ ਕੜਿਆਲਵੀ ਪੰਜਾਬੀ ਦਾ ਕਹਾਣੀਕਾਰ, ਨਾਟਕਕਾਰ, ਨਾਵਲਕਾਰ, ਬਾਲ ਸਾਹਿਤਕਾਰ, ਕਵੀ ਅਤੇ ਵਾਰਤਕ ਲੇਖਕ ਹੈ। ਉਹਨਾਂ ਨੇ ਪੰਜਾਬੀ ਸਾਹਿਤ ਸਿਰਜਨਾ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰਮੀਤ ਕੜਿਆਲਵੀ ਹੁਣ ਤੱਕ ਐੱਕਦਾਬੂਟਾ(1993), ਊਣੇ (2001), ਆਤੂਖ਼ੋਜੀ (2006), ਢਾਲ਼ (2014) ਅਤੇ ਹਾਰੀਂਨਾ ਬਚਨਿਆ (2020) ਕਹਾਣੀ ਸੰਗ੍ਰਹਿ ਦੀ ਰਚਨਾ ਕਰ ਚੁੱਕੇ ਹਨ।

ਹਥਲੇ ਖੋਜ ਪਰਚੇ ਵਿਚ ਅਸੀਂ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਨੂੰ ਜਾਤੀ ਹੀਣਤਾ ਦੇ ਅਧਿਐਨ ਵਜੋਂ ਵਿਚਾਰਨਾ ਹੈ।ਉਹ ਵਰਤਮਾਨ ਸਮੇਂ ਦੀਆਂ ਜਾਤੀ-ਪਾਤੀ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਰਾਹੀਂ ਪ੍ਰਗਟਾਉਣ ਵਾਲਾ ਇਕ ਚੇਤੰਨ ਕਹਾਣੀਕਾਰ ਹੈ।ਗੁਰਮੀਤ ਕੜਿਆਲਵੀ ਕਹਾਣੀਆਂ ਵਿਚ ਜਾਤੀ ਹੀਣਤਾ ਦੇ ਵਿਭਿੰਨ ਸਰੋਕਾਰਾਂ ਨੂੰ ਆਪਣੀ ਕਹਾਣੀਆਂ ਦੇ ਵਿਸ਼ੇ ਬਣਾ ਕੇ ਪੇਸ਼ ਕਰਦਾ ਹੈ। ਉਹ ਇਹਨਾਂ ਸਮੱਸਿਆਵਾਂ ਨੂੰ ਸਿੱਧ ਪੱਧਰੇ ਰੂਪ ਵਿਚ ਅਥਵਾ ਲਕੀਰੀ ਬਿਰਤਾਂ ਤਰਾ ਹੀਂ ਪ੍ਰਸਤੁਤ ਨਹੀਂ ਕਰਦਾ, ਸਗੋਂ ਆਪਣੀ ਕਹਾਣੀ ਸਿਰਜਣਾ ਵਿਚ ਵਿਭਿੰਨ ਕਥਾ ਜੁਗਤਾਂ ਦਾ ਇਸ ਤੇ ਮਾਲ ਕਰਦਾ ਹੈ।ਉਸ ਨੇ ਆਪਣੀਆਂ ਕਹਾਣੀਆਂ ਵਿਚ ਜਾਤੀ ਹੀਣਤਾ ਨੂੰ ਪ੍ਰਸਤੁਤ ਕੀਤਾ ਹੈ। ਉਹ ਆਪਣੀਆਂ ਕਹਾਣੀਆਂ ਦੇ ਰਾਹੀਂ ਜਾਤੀ ਵਿਤਕਰੇ ਨੂੰ ਅਜਿਹੇ ਢੰਗ ਨਾਲ ਪ੍ਰਸਤੁਤ ਕਰਦਾ ਹੈ ਕਿ ਪਾਠਕ ਦਾ ਧਿਆਨ ਉਸ ਜਾਤੀ ਵਿਸ਼ੇਸ਼ ਸਮੱਸਿਆ ਵੱਲ ਕੇਂਦਰਿਤ ਹੋ ਜਾਂਦਾ ਹੈ।ਅਜਿਹਾ ਹੋਣ ਨਾਲ ਪਾਠਕ ਉਸ ਸਮੱਸਿਆ ਪ੍ਰਤੀ ਕੇਵਲ ਚੇਤੰਨ ਹੀ ਨਹੀਂਹੁੰ ਦਾ, ਸਗੋਂ ਉਸ ਦਾ ਕੋਈ ਸਾਰਥਕ ਹੱਲ ਲੱਭਣ ਪ੍ਰਤੀ ਵੀ ਅਗਰਸਰ ਹੋ ਜਾਂਦਾ ਹੈ। ਗੁਰਮੀਤ ਕੜਿਆਲਵੀ ਬਾਬਤ ਡਾ. ਰਜਨੀਸ਼ ਬਹਾਦਰ ਸਿੰਘ ਦਾ ਅਜੋਕੀ ਪੰਜਾਬੀ ਕਹਾਣੀ: ਕਥਾ ਪ੍ਰਵਚਨ ਵਿਚ ਇਸ ਤਰ੍ਹਾਂ ਦਾ ਵਿਚਾਰ ਹੈ ਕਿ:

"ਉਹਦੀ ਕਹਾਣੀ ਵਿੱਚੋਂ ਲੋਕ ਮਨ ਦੀ ਪੀੜਾ ਪੂਰੀ ਸ਼ਿੱਦਤ ਨਾਲ ਉੱਭਰਦੀ ਹੈ। ਇਹ ੜਾ ਆਰਥਿਕ ਨਾ ਬਰਾਬਰੀ, ਸਮਾਜਿਕ ਪਾੜੇ ਤੇ ਬੇਇਨਸਾਫ਼ੀ ਵਿਚੋਂ ਉੱਭਰਦੀ ਹੈ।" [1]

ਭਾਰਤ ਦੇ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਜਾਤੀ ਭੇਦ-ਭਾਵ ਅਤੇ ਦਰਜੇ ਬੰਦੀ ਇਕ ਅਜਿਹਾ ਵਰਤਾਰਾ ਰਿਹਾ ਹੈ, ਜਿਸ ਨੇ ਦਲਿਤ ਵਰਗ ਨੂੰ ਸਮਾਜਿਕ ਅਤੇ ਆਰਥਿਕ ਪੱਧਰਾਂ 'ਤੇ ਅਣ ਮਨੁੱਖੀ ਢੰਗ ਨਾਲ ਜਿਊਣ ਲਈ ਮਜਬੂਰ ਕੀਤਾ ਹੈ।ਵਰਤਮਾਨ ਦੌਰ ਵਿਚ ਦਲਿਤ ਵਰਗ ਜਿੱਥੇ ਆਰਥਿਕ ਤੌਰ 'ਤੇ ਸ਼ੋਸ਼ਣ ਦਾ ਸ਼ਿਕਾਰ ਹੈ, ਉੱਥੇ ਦੂਸਰੇ ਉੱਚ ਵਰਗ ਦੇ ਮੁਕਾਬਲੇ ਸਾਂਸਕ੍ਰਿਤਿਕ ਤੌਰ 'ਤੇ ਵੀ ਜਾਤੀ ਹੀਣਤਾ ਦਾ ਸ਼ਿਕਾਰ ਹੈ।ਦਲਿਤ ਵਰਗ ਵਿਚ ਜਾਤ ਪ੍ਰਣਾਲੀ ਬਾਰੇਡਾ. ਸਰਬਜੀਤ ਸਿੰਘ ਦੀ ਪੁਸਤਕ ਪਰੰਪਰਾ ਤੇ ਪਰਵਾਹ ਵਿਚ ਬਹੁ-ਮੁੱਲੇ ਵਿਚਾਰ ਹਨ:

ਜਾਤ ਪਰਣਾਲੀ ਨੇ ਸਾਡੇ ਸਮਾਜ ਨੂੰ ਸਿਰਫ਼ ਸਮਾਜਿਕ ਅਤੇ ਸਭਿਆਚਾਰਕ ਤੌਰ 'ਤੇ ਹੀਨ ਨਹੀਂ ਵੰਡਿਆ ਬਲਕਿ ਇਸ ਨੂੰ ਮਾਨਸਿਕ ਤੇ ਰਾਜਸੀ ਤੌਰ 'ਤੇ ਵੀ ਬੁਰੀ ਤਰ੍ਹਾਂ ਭਰਿਸਟ ਕਰਕੇ ਰੱਖਦਿਆ ਹੈ। ਇਸੇ ਕਰਕੇ ਜਾਤ ਪਰਣਾਲੀ ਇਕ ਅਜਿਹੀ ਗੁੰਝਲਦਾਰ ਬੁਝਾਰ ਤੇ ਹੈ ਜੋ ਇਕ ਮਨੁੱਖੀ ਮਨ ਦੀਆਂ ਤਹਿਆਂ 'ਚੋਂ ਹੁੰਦੀ ਹੈ ਅਰਥ ਚਾਰੇ, ਸਮਾਜਿਕ ਪਰਣਾਲੀ ਅਤੇ ਰਾਜਸੀ ਗਤੀਵਿਧੀਆਂ ਤੱਕ ਵਿਰਾਟ ਰੂਪ 'ਚ ਪਸਰੀ ਹੋਈ ਹੈ।

ਇਸੇ ਤਰ੍ਹਾਂ ਦਲਿਤ ਜਾਤ ਦੇ ਲੋਕਾਂ ਨੂੰ ਗ਼ਰੀਬ ਅਤੇ ਨੌਕਰ ਸਮਝਿਆ ਜਾਂਦਾ ਹੈ ਅਤੇ ਹੁਣ ਵੀ ਜਦੋਂ ਇਹ ਕਿਹਾ ਜਾਂਦਾ ਹੈ ਕਿ ਜਾਤ-ਪਾਤ ਖ਼ਤਮ ਹੋ ਗਈ ਹੈ, ਤਾਂ ਨੀਵੀਂ ਜਾਤ ਦੇ ਲੋਕਾਂ ਨਾਲ ਪਹਿਲਾਂ ਤੋਂ ਹੀ ਉਸੇ ਤਰ੍ਹਾਂ ਦਾ ਸਲੂਕ ਕੀਤਾ ਜਾਂਦਾ ਹੈ।ਸੋ, ਦਲਿਤ ਵਰਗ ਸਮਾਜ ਦਾ ਉਹ ਵਰਗ ਬਣਦਾ ਹੈ ਜੋ ਸਦੀਆਂ ਤੋਂ ਸਮਾਜ ਦੇ ਉੱਚ ਵਰਗ ਵੱਲੋਂ ਲਤਾੜਿਆ ਜਾ ਰਿਹਾ ਹੈ। ਏਥੋਂ ਤੱਕ ਕਿ ਦਲਿਤ ਵਰਗ ਨੂੰ ਸਾਹਿਤਕ ਅਤੇ ਧਾਰਮਿਕ ਕਾਰਜਾਂ ਤੋਂ ਵੀ ਦੂਰ ਹੀ ਰੱਖਿਆ ਗਿਆ ਹੈ। ਜਦੋਂ ਮਨੁੱਖ ਵਿਚ ਸਰੀਰਕ, ਕਿਰਿਆਤਮਕ ਜਾਂ ਮਾਨਸਿਕ ਆਦਿ ਕੋਈ ਨਾਕੋਈ ਕਮੀ ਹੋਵੇ ਤਾਂ ਉਸ ਅੰਦਰ ਹੀਣ-ਭਾਵਨਾ ਪੈਦਾ ਹੋ ਜਾਂਦੀ ਹੈ। ਜਦੋਂ ਮਨੁੱਖ ਦੀ ਆਤਮ-ਸਥਾਪਨਾ ਦੀ ਬਿਰਤੀ ਸਮਾਜਕ ਅਤੇ ਵਿਅਕਤੀਗਤ ਕਾਰਨਾਂ ਕਰਕੇ ਸੰਤੁਸ਼ਟ ਨਹੀਂ ਹੁੰਦੀ ਤਾਂ ਵਿਅਕਤੀ ਅੰਦਰ ਹੀਣ-ਭਾਵਨਾ ਉਤਪੰਨ ਹੋ ਜਾਂਦੀ ਹੈ।

ਹੀਣ-ਭਾਵਨਾ ਆਪਣੇ ਆਪ ਨੂੰ ਘਟੀਆ ਸਮਝਣ ਦੇ ਅਹਿਸਾਸ ਨੂੰ ਕਹਿੰਦੇ ਹਨ। ਬੰਦੇ ਦਾ ਮਨੋਬਲ ਡੋਲ ਜਾਂਦਾ ਹੈ, ਆਤਮ ਵਿਸ਼ਵਾਸ ਨਹੀਂ ਰਹਿੰਦਾ, ਬੰਦਾ ਆਪਣੇ ਆਪ ਨੂੰ ਅਧੂਰਾ ਮਹਿਸੂਸ ਕਰਦਾ ਹੈ। ਇਹ ਅਕਸਰ ਅਵਚੇਤਨ ਦਾ ਵਰਤਾਰਾ ਹੁੰਦਾ ਹੈ, ਅਤੇ ਇਹ ਇਸ ਅਹਿਸਾਸ ਵਿੱਚ ਘਿਰੇ ਵਿਅਕਤੀ ਨੂੰ ਬਹੁਤ ਵਾਰੀ ਘਾਟ ਪੂਰਤੀ ਲਈ ਅਸਧਾਰਨ ਸਰਗਰਮੀ ਦੇ ਰਾਹ ਤੋਰ ਲੈਂਦਾ ਹੈ, ਜਿਸ ਦੇ ਨਤੀਜੇ ਵਜੋਂ ਬੰਦਾ ਕੋਈ ਵੱਡੀ ਸ਼ਾਨਦਾਰ ਪ੍ਰਾਪਤੀ ਕਰ ਲੈਂਦਾ ਹੈ ਜਾਂ ਬਹੁਤ ਹੀ ਅਸਮਾਜਿਕ ਵਿਵਹਾਰ ਕਰਨ ਲੱਗ ਪੈਂਦਾ ਹੈ। ਹੀਣ-ਭਾਵਨਾ ਵੱਖ-ਵੱਖ ਕਾਰਨਾਂ ਤੋਂ ਪੈਦਾ ਹੁੰਦੀ ਹੈ, ਜਿਵੇਂ ਕਿ: ਵਿਤਕਰਾ, ਮਾਨਸਿਕ ਸਦਮਾ, ਖ਼ੁਦ ਆਪਣੀਆਂ ਗ਼ਲਤੀਆਂ ਅਤੇ ਅਸਫਲਤਾਵਾਂ ਆਦਿ। ਹੀਣ-ਭਾਵਨਾ ਵਿਅਕਤੀ ਦੀ ਆਪਣੀ ਭਲਾਈ ਅਤੇ ਵਿਵਹਾਰ ਤੇ ਮਹੱਤਵਪੂਰਨ ਪ੍ਰਭਾਵ ਪਾਉਂਦੀ ਹੈ। ਹੀਣ-ਭਾਵਨਾ ਜਾਂ ਘਟੀਆਪਣ ਦੇ ਅਹਿਸਾਸ ਦੀ ਜਾਂਚ ਅਤੇ ਉਸ ਦਾ ਵਰਣਨ ਸਭ ਤੋਂ ਪਹਿਲਾਂ ਵਿਆਨਾ ਦੇ ਮਨੋਵਿਗਿਆਨੀ ਐਲਫ੍ਰੈਡ ਐਡਲਰ ਨੇ ਕੀਤੀ ਸੀ।ਹੀਣ-ਭਾਵਨਾਪਰਿਵਾਰਿਕ, ਸਮਾਜਕ, ਸਾਂਸਕ੍ਰਿਤਿਕ ਜਾਂ ਵਿਅਕਤੀਗਤ ਪੱਧਰ 'ਤੇ ਹੋ ਸਕਦੀ ਹੈ।ਜਾਤੀਗਤ ਹੀਣ-ਭਾਵਨਾ ਬਾਰੇ ਗੁਰਜੰਟ ਸਿੰਘ ਮਨੋ ਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ ਪੁਸਤਕ ਵਿਚ ਐਡਲਰ ਦੇ ਕਥਨ ਦਾ ਹਵਾਲਾ ਦਿੰਦੇ ਦੱਸਦੇ ਹਨ :-

> "ਜੋ ਜਨਮ ਤੋਂ ਹੀ ਕਿਸੇ ਕਿਸਮ ਦਾ ਹੀਣਤਾ ਭਾਵ ਲੈ ਕੇ ਜਨਮੇ ਹੁੰਦੇ ਹਨ, ਉਨ੍ਹਾਂ ਨੂੰ ਸ਼ੁਰੂ ਤੋਂ ਹੀ ਆਪਣਾ ਜੀਵਨ ਇਕ ਬੋਝ ਜਿਹਾ ਜਾਪਣ ਲੱਗਦਾ ਹੈ, ਜਿਸ ਦੇ ਫਲਸਰੂਪ ਉਨ੍ਹਾਂ ਨੂੰ ਜੀਵਨ ਪ੍ਰਤੀ ਗਹਿਰੀ ਨਿਰਾਸ਼ਾ ਹੁੰਦੀ ਹੈ ਤੇ ਇਸ ਨਿਰਾਸ਼ਾ ਵਿੱਚੋਂ ਉਹ ਉਦੋਂ ਹੀ ਬਾਹਰ ਨਿਕਲਦੇ ਹਨ, ਜਦੋਂ ਉਨ੍ਹਾਂ ਨੇ ਇਹ ਘਾਟ ਜੀਵਨ ਦੇ ਕਿਸੇ ਹੋਰ ਖੇਤਰ ਵਿਚ ਵਿਸ਼ਿਸ਼ਟਤਾ ਹਾਸਲ ਕਰਕੇ ਪੂਰੀ ਕਰ ਲਈ ਹੋਵੇ।ਪਰੰਤੂ ਜੇ ਇਹ ਵਿਸ਼ਿਸ਼ਟਤਾ ਕਿਸੇ ਕਾਰਨ ਪ੍ਰਾਪਤ ਨਾ ਹੋ ਸਕੇ ਤਾਂ ਇਨ੍ਹਾਂ ਹੀਣਤਾ-ਭਾਵਾਂ ਤੋਂ ਹੀ ਮਨੋਂ-ਵਿਕਾਰ ਉਤਪੰਨ ਹੁੰਦੇ ਹਨ।ਉਸ ਅਨੁਸਾਰ ਮਨੋਂ-ਵਿਕਾਰ ਰਾਹੀਂ ਵਿਅਕਤੀ ਅਸਲ ਵਿਚ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦੀ ਹੀ ਕੋਸ਼ਿਸ਼ ਕਰਦਾ ਹੈ।"[3]

ਸਾਡਾ ਦੇਸ਼ ਬਹੁ-ਜਾਤੀ ਕੌਮ ਹੈ।ਵੱਖ-ਵੱਖ ਜਾਤਾਂ ਨੇ ਇੱਕ ਦੂਜੇ ਪ੍ਰਤੀ ਕਈ ਵਿਤਕਰੇ ਭਰੇ ਨਿਰਨੇ ਵਿਕਸਿਤ ਕੀਤੇ ਹਨ।ਉੱਚ ਜਾਤੀ ਦੇ ਲੋਕਾਂ ਨੇ ਨੀਵੀਂ ਜਾਤ ਦੇ ਲੋਕਾਂ ਲਈ ਅਤੇ ਨੀਵੀਂ ਜਾਤ ਦੇ ਲੋਕਾਂ ਲਈ ਉੱਚ ਜਾਤੀ ਦੇ ਲੋਕਾਂ ਲਈ ਪੱਖ ਪਾਤੀ ਨਿਰਨੇ ਕੀਤੇ ਹਨ ਸਮਾਜ ਨੂੰ ਨਿਯੰਤਰਿਤ ਕਰਨ ਵਾਲੀਆਂ ਸਮਾਜਿਕ ਸੰਸਥਾਵਾਂ ਸਮੇਂ-ਸਮੇਂ ਤੇ ਸ਼ਕਤੀ ਦੇ ਰੂਪ ਵਿਚ ਕਿਰਿਆਸ਼ੀਲ ਹੁੰਦੀਆਂ ਹਨ, ਜਿਹੜੀਆਂ ਸਮੇਂ-ਸਮੇਂ ਵਿਅਕਤੀਆਂ ਅਤੇ ਸਮੂਹਾਂ ਵੱਲੋਂ ਮਿਲੀਆਂ ਚੁਨੌਤੀਆਂ ਅਤੇ ਸਥਿਤੀਆਂ-ਪ੍ਰਸਥਿਤੀਆਂ ਨੂੰ ਪੇਸ਼ ਕਰਦੀਆਂ ਹਨ।ਭਾਰਤੀ ਜਾਤ-ਜਮਾਤ ਵਿਵਸਥਾ ਵਿੱਚ ਜਾਤ ਆਧਾਰਤ ਪੱਖਪਾਤ ਅਤੇ ਹੀਣ-ਭਾਵਨਾ, ਵਰਗ-ਵੰਡ,ਸਮਾਜ ਅਤੇ ਸਾਹਿਤ ਲਈ ਚਿੰਤਾ ਦਾ ਵਿਸ਼ਾਰਹੇ ਹਨ।ਆਧੁਨਿਕ ਸਾਹਿਤ ਅਤੇ ਚਿੰਤਨ ਦੇ ਖੇਤਰ ਵਿੱਚ ਨਵੀਂਆਂ ਦ੍ਰਿਸ਼ਟੀਆਂ ਅਨੁਸਾਰ ਦਲਿਤ ਵਰਗ ਵਿਚ ਜਾਤ ਆਧਾਰਤ ਹੀਣ ਭਾਵਨਾ ਕੇਂਦਰ ਵਿਚ ਰਹੀ ਹੈ।ਹਰ ਦੌਰ ਦੇ ਚਿੰਤਨ ਨੇ ਇਸ ਸਮੱਸਿਆ ਨੂੰ ਆਪਣੇ ਯੁੱਗ ਬੋਧਦੀਆਂ ਸੀਮਾਵਾਂ ਵਿਚ ਰਹਿਕੇ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ।ਭਾਰਤੀ ਕੌਮੀ ਮੁਕਤੀ ਦੇ ਅੰਦੋਲਨ ਸਮੇਂਡਾ. ਭੀਮਰਾਓ ਅੰਬੇਦਕਰ ਨੇ ਆਪਣੀਆਂ ਧਾਰਨਾਵਾਂ ਰਾਹੀਂ ਲੋਕਾਂ ਦਾ ਧਿਆਨ ਖਿੱਚਿਆ।ਅਜੋਕੇ ਯੁੱਗ ਵਿੱਚ ਭਾਰਤੀ ਲੋਕਤੰਤਰ ਦੇ ਇਕ ਪੜਾਅ 'ਤੇ ਪਹੁੰਚ ਕੇ ਇਸ ਪ੍ਰਸ਼ਨ ਨੂੰ ਨਵੇਂ ਸਿਰੇ ਤੋਂ ਚਿੰਤਨ ਦੇ ਪੱਧਰ 'ਤੇ ਵਿਚਾਰਿਆ ਜਾ ਰਿਹਾ ਹੈ।ਇਸ ਵਿਚੋਂ ਇਕ ਸਾਹਿਤਕ ਲਹਿਰ ਦੇ ਚਿੰਨ੍ਹ ਵੀ ਉੱਭਰ ਰਹੇ ਹਨ।ਇਹ ਚਿੰਨ੍ਹ ਦਲਿਤ ਵਰਗ ਵਿਚ ਜਾਤ ਆਧਾਰਤ ਹੀਣ ਭਾਵਨਾ ਤੋਂ ਹਾਸ਼ੀਏ 'ਤੇ ਪਹੁੰਚੇ ਮਨੁੱਖ ਦੀ ਪੀੜਾ ਦੇ ਚਿੱਤਰ 'ਚੋਂ ਉੱਭਰ ਰਹੇ ਹਨ।ਇਹ ਪੀੜਾ ਨੂੰ ਦਲਿਤ ਵਰਗ ਵਿਚ ਜਾਤੀ ਹੀਣਤਾ ਦੀਵਿਵਸਥਾ ਦਾ ਅਵਚੇਤਨ ਬਣ ਚੁੱਕੀਹੈ।

ਇਸ ਤਰ੍ਹਾਂ ਭਾਰਤੀ ਸਮਾਜਿਕ ਬਣਤਰ ਵਿੱਚ ਜਾਤੀ ਮਨੁੱਖ ਦੀ ਪਛਾਣਦਾ ਇਕ ਅਜਿਹਾ ਤੱਤਬਣ ਚੁੱਕਾ ਹੈ, ਜਿਸ ਦੇ ਵਿਭਿੰਨ ਪਸਾਰ ਨਸਲ, ਧਰਮ, ਰਾਜਨੀਤੀ, ਸੱਭਿਆਚਾਰ ਤੇ ਆਰਥਿਕਤਾ ਆਦਿ ਤੱਕ ਫੈਲੇ ਹੋਏ ਹਨ ਅਤੇ ਇਹਨਾਂ ਵੱਖ-ਵੱਖ ਵਰਤਾਰਿਆਂ ਰਾਹੀਂ ਆਪਣੀ ਹੋਂਦ ਨੂੰ ਦਰਸਾਉਂਦਾ ਹੋਇਆ ਜਾਤੀ ਭੇਦ-ਭਾਵ ਕਾਰਨ ਹੀਣ-ਭਾਵਨਾ ਦਾ ਸ਼ਿਕਾਰ ਬਣ ਚੁੱਕਾ ਹੈ।ਪ੍ਰਾਚੀਨ ਕਾਲ ਵਿੱਚ ਇਹ ਨਸਲੀ, ਭਾਸ਼ਾਈ, ਧਾਰਮਿਕ ਹੋਣ ਦੇ ਨਾਲ-ਨਾਲ, ਕਿਰਤ ਦੀ ਵੰਡ ਰਾਹੀਂ ਇਹ ਵਰਨ ਵਿੱਚ ਪਰਿਭਾਸ਼ਿਤ ਹੁੰਦੀ ਰਹੀ ਹੈ।ਅਬਾਦੀ

ਵਧਣ ਅਤੇ ਉਤਪਾਦਨ ਸ੍ਰੋਤਾਂ ਤੇ ਕਬਜ਼ੇ ਦੀ ਭਾਵਨਾ ਨਾਲ ਅਤੇ ਕਿੱਤਿਆਂ ਦੇ ਵਾਧੇ ਨਾਲ ਇਹ ਵਰਨ, ਜਾਤੀਆਂ ਵਿੱਚ ਪਰਿਵਰਤਿਤ ਹੁੰਦੇ, ਕਠੋਰ ਸਮਾਜਿਕ ਪ੍ਰਬੰਧ ਵਿੱਚ ਪਰਿਵਰਤਨ ਕਰਕੇ ਜਾਤੀ ਭੇਦ-ਭਾਵ ਕਾਰਨ ਹੀਣ ਭਾਵਨਾ ਰੱਖਦੇ ਆ ਰਹੇ ਹਨ। ਸੋ, ਪੰਜਾਬੀ ਸਾਹਿਤ ਦਾ ਕਹਾਣੀ ਰੂਪ ਵੀ ਸਮਾਜਿਕ ਸਥਿਤੀ ਵਿਚ ਲੇ ਸੰਕਟਾਂਨੂੰ ਮੁਖ਼ਾਤਬ ਹੈ।ਪਰਛੂਤ-ਛਾਤ, ਜਾਤ-ਪਾਤ, ਜਾਤੀ ਵਿਤਕਰਾ, ਸਮਾਜਿਕ ਅਨਿਆਂ, ਬੌਧਿਕ ਅਸਹਿਮਤੀ, ਸਮਾਜਿਕ ਵਿਰੋਧ, ਔਰਤਾਂ ਦਾ ਸ਼ੋਸ਼ਣ, ਈਰਖਾ ਸਾੜਾ, ਸਮਾਜਿਕ ਬਾਈਕਾਟ, ਆਰਥਿਕ ਸ਼ੋਸ਼ਣ ਸਮਾਜਿਕ ਦਬਾਓ, ਮਾਨਸਿਕ ਦਬਾਓ ਆਦਿ ਵਰਗੇ ਹੀਣ-ਭਾਵਨਾ ਨਾਲ ਸੰਬੰਧਿਤ ਸਰੋਕਾਰ ਦਲਿਤ ਕਹਾਣੀ ਦਾ ਵਿਸ਼ਾਬਣ ਦੇ ਹਨ।

ਗੁਰਮੀਤ ਕੜਿਆਲਵੀ ਵੀ ਇਸ ਲੜੀ ਦਾ ਇਕ ਵਿਸ਼ੇਸ਼ ਕਹਾਣੀਕਾਰ ਹੈ।ਜਿਸਨੇ ਨਿਮਨ ਜਾਤੀ ਜੀਵਨ ਅੰਦਰਲੀਆਂ ਦੁਸ਼ਵਾਰੀਆਂ, ਔਕੜਾਂ, ਸੰਕਟਾਂ, ਵਿਰੋਧਤਾਵਾਂ ਕਾਰਨ ਹੀਣ-ਭਾਵਨਾ ਨੂੰ ਸਾਹਮਣੇ ਲਿਆਂਦਾ ਹੈ।ਜਿਵੇਂ ਕਿ ਉਸ ਦੀ 'ਹੱਡਾਰੋੜੀ' ਤੇ 'ਰੇੜ੍ਹੀ' ਕਹਾਣੀ ਨਿਮਨ ਜਾਤੀ ਪਾਤਰ ਦੇ ਆਰਥਿਕ ਤੌਰ ਤੇ ਉੱਚੇ ਉੱਠ ਜਾਣ ਮਗਰੋਂ ਆਪਣੀ ਜਾਤੀ ਤੇ ਗੌਰਵ ਨਾ ਹੋਣ ਦੇ ਨਾਲ ਹੀਣਤਾ ਭਾਵ ਪੈਦਾ ਹੁੰਦੇ ਹਨ।ਕਹਾਣੀ 'ਹੱਡਾਰੋੜੀ' ਵਿੱਚ ਵਰਤੀ ਜਾਂਦੀ 'ਰੇਹੜੀ' ਨੂੰ ਘਰੋਂ ਬਾਹਰ ਕੱਢਣ ਦੀ ਅਵਚੇਤ ਨੀਕਸ਼ਮਕਸ਼ ਵਿੱਚ ਉਲਝੀ ਰਹੀ ਹੈ।ਉਸ ਦੀ ਕਹਾਣੀ 'ਚੀਕ' ਨਿਮਨ ਜਾਤੀਆਂ ਵਿੱਚ ਅੰਤਰ-ਜਾਤੀ ਵਿਆਹ ਦੀ ਸਮੱਸਿਆ ਨੂੰ ਭਵਿਖ ਦੇ ਰੂਪ ਵਿੱਚ ਹੀਣ ਭਾਵਨਾ ਨੂੰ ਉਜਾਗਰ ਕਰਦੀ ਹੈ।ਇਸ ਸੰਬੰਧੀ ਉਸ ਦੀਆਂ ਹੋਰ ਕਹਾਣੀਆਂ ਦਲਦਲ, ਰੂੜੀ, ਦਰਅਸਲ ਵਿਚਾਰੀਆਂ ਜਾ ਸਕਦੀਆਂ ਹਨ।ਜਦੋਂ ਅਸੀਂ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ, ਊਣੇ, ਹੱਡਾ ਰੋੜੀ ਤੇਰੇ ਹੜੀ, ਅੰਨੀਗਲੀ, ਰੂੜੀ, ਤਾਰਾ ਚਿੱਬ ਕੱਢ, ਡੋਬਾ, ਕੀਮਤ, ਚੀਕ, ਕੌਣ?, ਇਉਂਨ੍ਹੀਂ ਸਰਨਾ, ਗੁਰਚਰਨਾ ਗਾਡਰ, ਭੰਡਾ ਭੰਡਾਰੀਆਂ, ਘਟੀਆ ਲੋਕ ਆਦਿ ਦਾ ਅਧਿਐਨ ਕਰ ਦੇਹਾਂ, ਤਾਂ ਦਲਿਤ ਲੋਕਾਂ ਦੀਆਂ ਪਰੰਪਰਾਗਤ ਅਤੇ ਮੌਜੂਦਾ ਸਥਿਤੀਆਂ-ਪ੍ਰਸਥਿਤੀਆਂ ਪ੍ਰਤੀ ਜਾਤੀ ਭੇਦ-ਭਾਵ ਕਾਰਨ ਹੀਣ-ਭਾਵਨਾ ਨਾਲ ਸੰਬੰਧਿਤ ਸਮੱਸਿਆਵਾਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ।ਗੁਰਮੀਤ ਕੜਿਆਲਵੀ ਦਲਿਤ ਪਰਿਵਾਰਾਂ ਵੱਲੋਂ ਕੀਤੇ ਜਾਂ ਦੇ ਕੰਮ-ਕਾਰ ਕਰਨ ਦੇ ਢੰਗਾਂ ਤਰੀਕਿਆਂ,ਉਹਨਾਂ ਦੇ ਰਸਮਾਂ ਰਿਵਾਜ਼ਾਂ,ਵਹਿਮਾਂ ਭਰਮਾਂ, ਲੋਕ-ਵਿਸ਼ਵਾਸਾਂ, ਮੰਨਤਾ-ਮਨੌਤਾਂ ਅਤੇ ਰੀਤੀ ਰਿਵਾਜ਼ਾਂ ਸਬੰਧੀ ਜਾਤੀ ਭੇਦ-ਭਾਵ ਕਾਰਨ ਹੀਣ-ਭਾਵਨਾ ਨੂੰ ਅਗਰ ਭੂਮਿਤ ਕਰਦਾ ਹੈ। ਜਿਵੇਂ ਕਿ ਗੁਰਮੀਤ ਕੜਿਆਲਵੀ ਦੀਆਂ ਕਹਾਣੀ ਊਣੇ ਵਿਚ ਉਦੋਂ ਨੀਵੀਂ ਜਾਤ, ਕਿੱਤੇ ਪ੍ਰਤੀ ਘ੍ਰਿਣਾ, ਪੱਖਪਾਤ ਤੇ ਹੀਣ ਭਾਵਨਾ ਸਪਸ਼ਟ ਝਲਕਦੀ ਹੈ, ਜਦੋਂ ਪਾਤਰ ਆਪਸੀ ਵਾਰਤਾਲਾਪ ਦੁਆਰਾ ਇਕ ਦੂਜੇ ਨੂੰ ਕਹਿੰਦੇ ਹਨ ਕਿ:

> "......ਕਿਉਂ ਬਈ ਪਰਗਾਸ ਜੇ ਇਹਲੋ ਅਟਰੌਡ ਨਲੋ ਕਚੰਮ ਚੁੱਕਣਾ ਬੰਦਕ ਰਦੇਣ ਤਾਂ ਸਾਰੇ ਪਾਸੇ ਗੰਦ ਪੈ ਜਾਏ।"[4]
>
> "ਸਰਪੰਚ ਤਾਂ ਲੱਗੇ ਓਖੜ੍ਹਾ ਕਰਨ ਜੱਟਾਂ ਦੇ ਮੁਕਾਬਲੇ ਜੀ ਸਦਕੇ ਖੜ੍ਹਾ ਕਰੋ।ਪਰ ਅਗਾਂਹ ਵਾਸਤੇ ਸੋਚ ਲਿਉ।ਘਾਹਦੱਥੇ, ਬਾਲਣ, ਨੀਰੇ ਨੂੰ ਸਾਡੀ ਆਂਬੁੜੀ ਆਂਕੁੜੀਆਂ ਨੂੰ ਇਹਨਾਂ ਦੇ ਖੇਤੀ ਬੰਨੀ ਜਾਣੈ, ਕੌਣ ਵੜਨ ਦੇ ਓ ਆਪਣੇ ਖੇਤਾਂਵਿੱਚ ਵਿਚਾਰਲ ਉਚੰਗੀ ਤਰ੍ਹਾਂ।"[5]

ਇਸ ਤਰ੍ਹਾਂ ਗੁਰਮੀਤ ਕੜਿਆਲਵੀ ਨੇ ਆਪਣੀਆਂ ਕਹਾਣੀਆਂ ਵਿਚ ਜਾਤੀ ਭੇਦ-ਭਾਵ ਕਾਰਨ ਹੀਣ-ਭਾਵਨਾ ਵਜੋਂ ਉਭਾਰਕੇ ਭਾਰਤੀ ਸਮਾਜਿਕ ਵਿਵਸਥਾ ਵਿਚ ਪ੍ਰਚਲਿਤ ਕੁਰੀਤੀ ਜਨਕ ਵਰਤਾਰੇ ਦਲਿਤ/ਜਾਤੀ-ਪ੍ਰਥਾ ਨੂੰ ਪ੍ਰਸਤੁਤ ਕੀਤਾ ਹੈ।ਉਸਦੀਆਂ ਕਹਾਣੀਆਂ ਵਿਚ ਜਾਤੀ-ਪ੍ਰਥਾ ਜੋ ਕਿਸਦੀਆਂ ਤੋਂ ਭਾਰਤੀ ਸਮਾਜਿਕ ਵਿਵਸਥਾ ਦਾ ਇਕ ਨਕਾਰਾਤ ਮਿਕ ਪੱਖ ਬਣੀ ਹੋਈ ਹੈ ਨੂੰ ਖ਼ਤਮ ਕਰਨ ਸੰਬੰਧੀ ਉਸਦੀ ਸਕਾਰਾਤਮਿਕ ਪਹੁੰਚ ਦਾ ਪਤਾ ਲੱਗਦਾ ਹੈ।ਦਲਿਤ/ਜਾਤ-ਪਾਤ ਦੇ ਨਾਂ ਤੇ ਨੀਵੀਂਆਂ ਜਾਤਾਂ ਨਾਲ ਹੋਰ ਹੇ ਵਿਤਕਰੇ ਅਤੇ ਇਸੇ ਵਿਤਕਰੇ ਕਰਕੇ ਆਪਣਾ ਉੱਲੂ ਸਿੱਧਾ ਕਰ ਰਹੇ ਹਨ।'ਚੀਕ'ਤੇ'ਕੀਮਤ' ਕਹਾਣੀ ਪੂਰਨ ਰੂਪ ਵਿਚ ਜਾਤੀ ਭੇਦ-ਭਾਵ ਕਾਰਨਹੀਣ-ਭਾਵਨਾ ਨੂੰ ਬਿਆਨ ਕਰਦੀਆਂ ਹਨ।ਜਿਵੇਂ ਕਿ 'ਮੈਂ' ਪਾਤਰ 'ਚੀਕ' ਕਹਾਣੀ ਦੀ ਮੁੱਖ ਪਾਤਰ ਹੈ ਅਤੇ ਉੱਚ ਜਾਤੀ ਨਾਲ ਸੰਬੰਧ ਰੱਖਦੀ ਹੈ।ਪਰੰਤੂ ਉਸਦੀ ਭੈਣ ਨੇ ਇਕ ਦਲਿਤ ਨੌਜਵਾਨ ਕੁਲਵੰਤ ਨਾਲ ਪਰਿਵਾਰਕ ਵਿਰੋਧ ਦੇ ਬਾਵਜੂਦ ਵਿਆਹ ਕਰਵਾਇਆ ਹੋਇਆ ਹੈ। 'ਮੈਂ' ਪਾਤਰ ਨੂੰ ਆਪਣੇ ਸਹੁਰੇ ਪਰਿਵਾਰ ਅਤੇ ਕਦਮ-ਕਦਮ ਤੇ ਹੋਰਨਾਂ 'ਉੱਚ ਜਾਤੀ' ਦੇ ਲੋਕਾਂ ਦਾ ਕਥਿਤ ਦਲਿਤਾਂ ਪ੍ਰਤੀ

ਅਪਣਾਇਆ ਜਾਣ ਵਾਲਾ ਵਿਤਕਰੇ ਪੂਰਨ ਵਰਤ-ਵਿਵਹਾਰ ਬਹੁਤ ਦੁਖੀ ਕਰਦਾ ਹੈ।ਸਮਾਜ ਵਿਚ ਆਪਣੀ ਸਖ਼ਤ ਮਿਹਨਤ ਦੇ ਬਲਬੂ ਤੇ ਉੱਚੀਆਂ ਪਦਵੀਆਂ ਹਾਸਲ ਕਰਨ ਵਾਲਾ ਕਥਿਤ ਦਲਿਤ ਵਰਗ ਅਖੌਤੀ ਉੱਚੀਆਂ ਜਾਤੀਆਂ ਦੇ ਹਉਮੈ ਵਾਦੀ ਰਵੱਈਏ ਦਾ ਸ਼ਿਕਾਰ ਬਣਦਾ ਹੈ। 'ਕੁਲਵੰਤ' ਅਤੇ 'ਸੁਰਿੰਦਰ ਸਿੰਘ ਸਰੋਆ' ਵਰਗੇ ਕਥਿਤ ਦਲਿਤ ਜਾਤੀਆਂ ਨਾਲ ਸੰਬੰਧਿਤ ਲੋਕ 'ਢੰਡ' ਅਤੇ 'ਪਵਿੱਤਰ' ਵਰਗੇ ਉੱਚ ਜਾਤੀਆਂ ਦੇ ਲੋਕਾਂ ਦੇ ਵਿਤਕਰੇ ਦਾ ਸ਼ਿਕਾਰ ਹੁੰਦੇ ਹਨ।ਉੱਚ ਜਾਤੀਆਂ ਵਾਲਿਆਂ ਨੂੰ ਲੱਗਦਾ ਹੈ ਕਿਨੀਵੀਂਆਂ ਜਾਤੀਆਂ ਜੋ ਸਦੀਆਂ ਤੋਂ ਉਹਨਾਂ ਦੇ ਰਹਿਮੋ-ਕਰਮ ਤੇ ਰਹੀਆਂ ਹਨ ਹੁਣ ਉਹਨਾਂ ਉੱਪਰ ਹੁਕਮ ਚਲਾਉਣ ਦਾ ਕੰਮ ਕਰ ਰਹੀਆਂ ਹਨ।ਅਜਿਹਾ ਕਰਦਿਆਂ ਉਹ ਭਾਰਤ ਦੇ ਆਜ਼ਾਦ ਹੋਣ ਉੱਪਰ ਵੀ ਸਮਾਜ-ਮਨੋਵਿਗਿਆਨਕ ਪੱਖ ਤੋਂ ਜਾਤੀ ਭੇਦ-ਭਾਵ ਕਾਰਨ ਹੀਣ ਭਾਵਨਾ ਪ੍ਰਗਟ ਕਰਦੇ ਗੁਰਮੀਤ ਕੜਿਆਲਵੀ ਦੀ ਕਹਾਣੀ ਢਾਲ ਵਿਚ ਇਉਂ ਕਹਿੰਦਾ ਹੈ ਕਿ:

> "…..ਸਾਲੀ ਜਾਤ ਦੀਆਂ ਸਾਰੀ ਦਿਹਾੜੀ ਲੱਤਾਂ ਖੱਡੀ 'ਚੋਂ ਬਾਹਰ ਨਹੀਂ ਸੀ ਨਿਕਲਿਆ ਕਰਨੀਆਂ।...ਹੁਣ ਸਾਡੇ ਤੇ ਹੁਕਮ ਚਾੜ੍ਹਦਾ ਰਹਿੰਦਾ।ਸਾਲੀ ਆਜ਼ਾਦੀ ਖੇਹਦੀ ਆਈ, ਨੇ ਫਿਆਂਦੀਆਂ ਜੂੰਆਂ ਸਿਰ ਚੜ੍ਹਾਤੀਆਂ।ਪਤਾ ਨੀਂ ਦੇਖਿਆ ਕੀਆ ਸਾਲੀ ਗੌਰਮਿੰਟ ਨੇ ਇਹਨਾਂ 'ਚ।"[6]

ਇਸ ਤਰ੍ਹਾਂ ਅਖੌਤੀ ਉੱਚ ਜਾਤੀਆਂ ਦੀ ਹੀਣ ਭਾਵਨਾ ਉਹਨਾਂ ਦੇ ਜਾਤੀ ਅਭਿਮਾਨ ਦਾ ਪ੍ਰਮਾਣ ਹੈ।ਜਾਤੀ ਪ੍ਰਥਾ ਦੇ ਸਿਸਟਮ ਵਿਚ ਉਹ ਮਾਨਵੀ ਸਮਾਨਤਾ ਦੇ ਕੁਦਰਤੀ ਪਹਿਲੂਆਂ ਨੂੰ ਨਜ਼ਰ ਅੰਦਾਜ਼ ਕਰਦੇ ਹਨ ਅਤੇ ਸਮਾਜ ਦੀ ਪੜ੍ਹੀ-ਲਿਖੀ ਸ਼੍ਰੇਣੀ ਅਤੇ ਦੇ ਸਦੇ ਨਿਰਮਾਤਾ(ਅਧਿਆਪਕ) ਹੋਣ ਦਾ ਰੁਤਬਾ ਰੱਖਣ ਦੇ ਬਾਵਜੂਦ ਉਹ ਮੱਧਕਾਲੀ ਸੋਚ ਦੇ ਧਾਰਨੀ ਹੁੰਦੇ ਹੋਏ ਜਾਤੀ ਭੇਦ-ਭਾਵ ਕਾਰਨ ਹੀਣ ਭਾਵਨਾ ਵਿਚ ਵਿਸ਼ਵਾਸ ਰੱਖਦੇ ਹਨ।ਆਫ਼ਤ' ਕਹਾਣੀ ਦੇ ਕੁਝ ਦਲਿਤ ਪਾਤਰ ਸਰਪੰਚੀ ਦੀ ਚੋਣ ਵਿਚ ਆਪਣੇ ਭਾਈ ਚਾਰੇ ਨਾਲ ਗ਼ੱਦਾਰੀ ਕਰਕੇ ਸਰਦਾਰ ਪ੍ਰੀਤਮ ਸਿੰਘ ਦੀ ਮਦਦ ਕਰਦੇ ਹਨ ਤੇ ਉਹ ਸਰਪੰਚੀ ਜਿੱਤ ਜਾਂਦਾ ਹੈ।ਜਦੋਂ ਸਾਰੇ ਜੱਟ ਰਲਕੇ ਆਪਣੀ ਜਿੱਤ ਤੇ ਵਿਹੜੇ ਵਾਲਿਆਂ ਦੀ ਹਾਰ ਦੇ ਜਸ਼ਨ ਮਨਾਉਂਦੇ ਹਨ ਤਾਂ ਉਹ ਦਲਿਤ ਪਾਤਰਾਂ ਹੀਣ-ਭਾਵਨਾ ਰੱਖਦੇ ਹਨ।ਇਹ ਹੀਣ ਭਾਵਨਾ' ਹੀ ਦਲਿਤ ਵਰਗ ਵਿਚ ਭਵਿੱਖੀ ਇਕ ਮੁਠਤਾ ਦਾ ਚਿਹਨ ਬਣਦੇ ਉੱਭਰਦੀ ਹੈ।ਇਸੇ ਕਰਕੇ ਜੱਟ ਪਾਤਰ ਦਰਸ਼ਨ ਮੈਂਬਰ ਜਦੋਂ ਦਲਿਤਾਂ ਦੀ ਹਾਰ ਨੂੰ ਪਿੰਡ 'ਤੇ ਆਈ ਕਿਸੇ ਆਫ਼ਤ ਨਾਲ ਤੁਲਨਾ ਕਰਦਾ ਟਾਲੇ ਵਜੋਂ ਬਿਆਨ ਕਰਦਾ ਹੋਇਆ ਜੱਟ ਪਾਤਰ ਕੀਨਾ ਗੁਰਮੀਤ ਕੜਿਆਲਵੀ ਦੀ ਕਹਾਣੀ ਢਾਲ ਵਿਚ ਇਉਂ ਕਹਿੰਦਾ ਹੈ ਕਿ:

> "ਪਰਮਿੰਬਰਾ, ਏਹ ਆਫ਼ਤ ਬਾਹਲਾ ਚਿਰ ਹੁਣ ਟਲ਼ਦੀ ਨੀਂ ਦਿਸਦੀ।"[7]

ਇਸ ਤਰ੍ਹਾਂ ਉਪਰੋਕਤ ਰੂਪ ਵਿਚ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਵਿਚ ਜਾਤੀ ਭੇਦ-ਭਾਵ ਕਾਰਨ ਹੀਣ-ਭਾਵਨਾ ਵਾਲੇ ਮਾਮਲੇ ਉਭਰਵੇਂ ਰੂਪ ਵਿਚ ਪ੍ਰਸਤੁਤ ਹੋਏ ਹਨ।ਉਹ ਨਿਰੋਲ ਦਲਿਤ ਜਾਤੀ ਨਾਲ ਖਲੋਤਾ ਹੋਇਆ ਨਹੀਂ ਦਿਸਦਾ, ਸਗੋਂ ਆਪਣੀਆਂ ਕਹਾਣੀਆਂ ਵਿਚ ਦਲਿਤ ਜਾਤੀਆਂ ਨਾਲ ਹੁੰਦੇ ਵਿਤਕਰੇ ਅਤੇ ਹੀਣ-ਭਾਵਨਾ ਨੂੰ ਵੀ ਉਭਾਰਦਾ ਹੈ।ਇਸ ਤਰ੍ਹਾਂ ਉਹ ਇਕ ਉਲਾਰ ਭਾਵੀ ਦ੍ਰਿਸ਼ਟੀਕੋਣ ਵਾਲਾ ਕਹਾਣੀਕਾਰ ਨਾ ਹੋ ਕੇ ਸੰਤੁਲਿਤ ਤਰੀਕੇ ਨਾਲ ਦਲਿਤ ਮਸਲਿਆਂ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਵਾਲਾ ਕਹਾਣੀਕਾਰ ਸਿੱਧ ਹੁੰਦਾ ਹੈ।ਸੋ, ਦਲਿਤ ਲੋਕਾ ਦੇ ਆਰਥਿਕ ਤੌਰ 'ਤੇ ਸੰਪੰਨ ਹੋ ਜਾਣ ਅਤੇ ਪੜ੍ਹ-ਲਿਖ ਕੇ ਚੇਤਨਤਾ ਭਰਪੂਰ ਹੋਣ ਕਰਕੇ ਕੁਝ ਹੱਦ ਤਕ ਜਾਤੀ-ਪਾਤੀ ਵਿਤਕਰੇ, ਹੀਣ-ਭਾਵਨਾ ਦੀ ਪਕੜ ਢਿੱਲੀ ਜ਼ਰੂਰ ਹੋਈ ਹੈ।ਪਰ ਭਾਰਤੀ ਸਮਾਜ ਵਿਚ ਜਾਤੀ ਸੂਚਕ ਵਰਤਾਰਾ ਇਕ ਅਜਿਹਾ ਵਰਤਾਰਾ ਹੈ, ਜਿਸ ਨੂੰ ਅਣਗੌਲ਼ਿਆ ਨਹੀਂ ਕੀਤਾ ਜਾ ਸਕਦਾ।ਨਿਮਨ ਜਾਤੀਆਂ ਜਾਂ ਅਨੁਸੂਚਿਤ ਜਾਤੀਆਂ ਵਿਚੋਂ ਪੈਦਾ ਹੋਇਆ ਪੜ੍ਹਿਆ-ਲਿਖਿਆ ਮੱਧ-ਵਰਗ ਭਾਵੇਂ ਆਰਥਿਕ ਸੰਪੰਨਤਾ ਹਾਸਲ ਕਰ ਰਿਹਾ ਹੈ, ਪਰ ਇਸ ਵਰਗ ਨੂੰ ਵੀ ਸਮਾਜਿਕ ਅਤੇ ਮਾਨਸਿਕ ਤੌਰ 'ਤੇ ਜਾਤੀ ਹੀਣਤਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਉਪਰੋਕਤ ਰੂਪ ਵਿਚ ਗੁਰਮੀਤ ਕੜਿਆਲਵੀ ਪੰਜਾਬੀ ਦਾ ਇਕ ਅਜਿਹਾ ਕਹਾਣੀ ਕਾਰ ਸਾਬਤ ਹੁੰਦਾ ਹੈ ਜੋ ਅਜੋਕੇ ਸਮੇਂ ਵਿਚ ਪੈਦਾ ਹੋ ਰਹੀਆਂ ਜਾਤੀ ਹੀਣ-ਭਾਵਨਾ ਦੀ ਸਮੱਸਿਆਵਾਂ ਅਤੇ ਉਨ੍ਹਾਂ ਦੀ ਉਪਜ ਨੂੰ ਪਕੜਨ ਦੇ ਸਮਰੱਥ ਹੈ।ਉਸ ਦੀਆਂ ਕਹਾਣੀਆਂ ਦੇ ਪਾਤਰ ਹਰੇਕ ਵਰਗ ਦੀ ਤਰਜਮਾਨੀ ਕਰਦੇ ਹਨ, ਪਰੰਤੂ ਇਨ੍ਹਾਂ ਕਹਾਣੀ ਵਿਚ ਦਲਿਤ ਪਾਤਰਾਂ ਦਾ ਚਿਤਰਨ ਉਸ ਨੇ ਬੜੀ ਬੇਬਾਕੀ

ਅਤੇ ਬਾਰੀਕੀ ਨਾਲ ਕੀਤਾ ਹੈ।ਉਹ ਪਾਤਰਾਂ ਨੂੰ ਵਿਸ਼ੇਸ਼ ਹਾਲਤਾਂ ਵਿਚੋਂ ਪੈਦਾ ਹੋਈਆਂ ਸਮੱਸਿਆਵਾਂ ਦੇ ਸੰਦਰਭ ਵਿਚ ਸਮਝਣ ਦੀ ਕੋਸ਼ਿਸ਼ ਕਰਦਾ ਹੈ।ਗੁਰਮੀਤ ਕੜਿਆਲਵੀ ਆਪਣੀਆਂ ਕਹਾਣੀਆਂ ਵਿਚ ਇਕ ਸੰਤੁਲਿਤ ਪਹੁੰਚ ਅਪਣਾਉਂਦਾ ਹੋਇਆ ਵਿਭਿੰਨ ਪ੍ਰਕਾਰ ਦੇ ਸਰੋਕਾਰਾਂ ਨੂੰ ਪੇਸ਼ ਕਰਦਾ ਹੈ।ਉਸ ਦਾ ਵਧੇਰੇ ਫੋਕਸ ਨਿਮਨ ਵਰਗ ਦੇ ਨਾਲ ਨਾਲ ਮੱਧ ਸ਼੍ਰੇਣੀ ਦੀਆਂ ਸਮੱਸਿਆਵਾਂ ਉਪਰ ਵੀ ਕੇਂਦਰਿਤ ਹੁੰਦਾ ਹੈ।ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਗੁਰਮੀਤ ਕੜਿਆਲਵੀ ਸਮਕਾਲ ਦਾ ਇਕ ਸਮਰੱਥ ਕਹਾਣੀਕਾਰ ਹੈ ਜੋ ਬੜੀ ਮਿਹਨਤ, ਲਗਨ ਅਤੇ ਪ੍ਰਤੀਬੱਧਤਾ ਨਾਲ ਕਹਾਣੀ ਸਿਰਜਣਾ ਵਿਚਕਾਰ ਜਸ਼ੀਲ ਹੈ।ਭਵਿੱਖ ਵਿਚ ਉਸ ਤੋਂ ਪੰਜਾਬੀ ਕਹਾਣੀ ਜਗਤ ਨੂੰ ਬਹੁਤ ਸਾਰੀਆਂ ਉਮੀਦਾਂ ਹਨ।

## ਹਵਾਲੇ ਤੇ ਟਿੱਪਣੀਆਂ

1. ਡਾ. ਰਜਨੀਸ਼ ਬਹਾਦਰ ਸਿੰਘ, ਅਜੋਕੀ ਪੰਜਾਬੀ ਕਹਾਣੀ: ਕਥਾ ਪ੍ਰਵਚਨ, ਪੰਨਾ-59
2. ਡਾ. ਸਰਬਜੀਤ ਸਿੰਘ, ਪੁਸਤਕ ਪਰੰਪਰਾ ਤੇ ਪਰਵਾਹ, ਪੰਨਾ-17
3. ਡ.ਗੁਰਜੰਟ ਸਿੰਘ, ਮਨੋ ਵਿਸ਼ਲੇਸ਼ਣਾਤਮਕ ਸਾਹਿਤ-ਚਿੰਤਨ, ਪੰਨਾ-49
4. ਗੁਰਮੀਤ ਕੜਿਆਲਵੀ, ਊਣੇ, ਪੰਨਾ-129
5. ------ਉਹੀ------,ਪੰਨਾ- 41
6.------ਉਹੀ-----ਢਾਲ, ਪੰਨਾ-100
7.-------ਉਹੀ---------,ਪੰਨਾ-50